ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ
ਸਟੇਟ ਪ੍ਰਾਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਸਿੱਖਿਆ ਭਵਨ, ਪੀ.ਐਸ.ਈ.ਬੀ. ਕੰਪਲੈਕਸ, ਈ-ਬਲਾਕ, ਪੰਜਵੀਂ ਮੰਜ਼ਿਲ, ਫੇਜ-8, ਮੋਹਾਲੀ, ਈਮੇਲ: iedpunjabssa@gmail.com

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ।
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.), ਪੰਜਾਬ।
ਪੰਜਾਬ ਰਾਜ ਦੇ ਸਮੂਹ ਸਰਕਾਰੀ ਸਕੂਲਾਂ ਦੇ ਮੁੱਖੀ (ਵੈਬਸਾਇਟ ਰਾਹੀਂ)

ਮੀਮੋ ਨੰ: ਆਈ.ਈ.ਡੀ./ਸਸਅ/2015/20155798-20155841
ਮਿਤੀ: 20/04/2015

ਵਿਸ਼ਾ: ਸਕੂਲਾਂ ਵਿੱਚ ਪੜ੍ਹ ਰਹੇ ਕਮਜ਼ੋਰ ਨਿਗ੍ਹਾ ਅਤੇ ਘੱਟ ਸੁਨਣ ਵਾਲੇ ਵਿਦਿਆਰਥੀਆਂ ਦੀ ਸ਼ਨਾਖਤ ਕਰਨ ਅਤੇ ਉਹਨਾਂ ਨੂੰ ਸਹੀ ਢੰਗ ਨਾਲ ਪੜ੍ਹਾਉਣ ਦੇ ਉਪਰਾਲਿਆਂ ਸਬੰਧੀ।

1) ਉਪਰੋਕਤ ਵਿਸ਼ੇ ਸਬੰਧੀ ਮੁੱਖ ਦਫਤਰ ਵੱਲੋਂ *ਮੀਮੋ ਨੰ: ਆਈ.ਈ.ਡੀ./ਸਸਅ/2013/4396-4440 ਮਿਤੀ 01.03.2013* ਰਾਹੀਂ ਪਹਿਲਾਂ ਜਾਰੀ ਕੀਤੀਆਂ ਹਦਾਇਤਾਂ ਵੱਲ ਆਪ ਸਾਰਿਆਂ ਦਾ ਧਿਆਨ ਮੁੜ ਤੋਂ ਖਿੱਚਦੇ ਹੋਏ ਆਪ ਨੂੰ ਲਿਖਿਆ ਜਾਂਦਾ ਹੈ ਕਿ ਸਕੂਲਾਂ ਵਿੱਚ ਪੜ੍ਹ ਰਹੇ ਕਮਜ਼ੋਰ ਨਜ਼ਰ ਅਤੇ ਘੱਟ ਸੁਨਣ ਵਾਲੇ ਵਿਦਿਆਰਥੀਆਂ ਦੀ ਸ਼ਨਾਖਤ ਕਰਨ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ।

2) ਜਿਵੇਂ ਕਿ ਆਪ ਨੂੰ ਪਤਾ ਹੋਵੇਗਾ ਕਿ ਸਰਕਾਰੀ ਸਕੂਲਾਂ ਵਿੱਚ ਕੁਝ ਵਿਦਿਆਰਥੀ ਅਜਿਹੇ ਹੁੰਦੇ ਹਨ ਜਿਹੜੇ ਅਕਸਰ ਪਿੱਛੇ ਬੈਠਦੇ ਹਨ ਅਤੇ ਜਮਾਤ ਦੀਆਂ ਗਤੀਵਿਧੀਆਂ ਵਿੱਚ ਜ਼ਿਆਦਾ ਰੁਚੀ ਨਹੀਂ ਦਿਖਾਉਂਦੇ। ਪ੍ਰੰਤੂ ਕੀ ਤਹਾਨੂੰ ਪਤਾ ਹੈ ਕਿ ਇਸ ਦਾ ਕਾਰਣ ਕਈ ਵਾਰ ਵਿਦਿਆਰਥੀ ਦੀ ਘੱਟ ਨਜਰ ਜਾਂ ਸੁਨਣ ਵਿੱਚ ਕਮੀ ਹੁੰਦਾ ਹੈ।

3) ਅਜਿਹੇ ਕਈ ਵਿਦਿਆਰਥੀ ਸਾਡੇ ਸਕੂਲਾਂ ਵਿੱਚ ਪੜ੍ਹਨ ਆਉਂਦੇ ਹਨ ਜਿਨ੍ਹਾਂ ਦੀ ਨਜ਼ਰ ਘੱਟ ਹੁੰਦੀ ਹੈ ਜਾਂ ਸੁਨਣ ਵਿੱਚ ਕਮੀ ਹੁੰਦੀ ਹੈ। ਪਰ ਕਈ ਵਾਰੀ ਨਾ ਉਹਨਾਂ ਨੂੰ ਖੁਦ ਇਸ ਗੱਲ ਦਾ ਅਹਿਸਾਸ ਹੁੰਦਾ ਹੈ, ਨਾ ਉਹਨਾਂ ਦੇ ਮਾਤਾ ਪਿਤਾ ਨੂੰ ਪਤਾ ਚਲਦਾ ਹੈ ਅਤੇ ਨਾ ਹੀ ਅਧਿਆਪਕ ਨੂੰ ਇਸ ਸਮੱਸਿਆ ਬਾਰੇ ਪਤਾ ਲੱਗਦਾ ਹੈ। ਇਹ ਵਿਦਿਆਰਥੀ ਅਕਸਰ ਜਮਾਤ ਵਿੱਚ ਪਿੱਛੇ ਬੈਠਦੇ ਹਨ, ਕਿਉਂਕਿ ਇਹਨਾਂ ਨੂੰ ਸੁਨਣ ਜਾਂ ਦਿਖਣ ਦੀ ਸਮੱਸਿਆ ਕਰਕੇ ਅਧਿਆਪਕ ਵੱਲੋਂ ਪੜ੍ਹਾਇਆ ਪਾਠ ਸਮਝ ਵਿੱਚ ਨਹੀਂ ਆਉਂਦਾ ਅਤੇ ਇਹਨਾਂ ਦਾ ਪੜ੍ਹਾਈ ਵਿੱਚ ਰੁਝਾਨ ਘਟ ਜਾਂਦਾ ਹੈ।

4) ਉਕਤ ਨੂੰ ਮੁੱਖ ਰੱਖਦੇ ਹੋਏ ਆਪ ਨੂੰ ਹੇਠ ਲਿਖੇ ਅਨੁਸਾਰ ਹਦਾਇਤ ਕੀਤੀ ਜਾਂਦੀ ਹੈ:-

i. ਸਮੂਹ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਦੀ ਨਿਗ੍ਹਾ ਅਤੇ ਸੁਨਣ ਸ਼ਕਤੀ ਨੂੰ ਮੋਟੇ ਤੌਰ ਤੇ ਕਲਾਸ ਇੰਨਚਾਰਜ ਦੁਆਰਾ ਚੈੱਕ ਕਰ ਲਿਆ ਜਾਵੇ ਅਤੇ ਜਿਹਨਾਂ ਬੱਚਿਆਂ ਦੀ ਨੇੜੇ ਜਾਂ ਦੂਰ ਦੀ ਨਿਗ੍ਹਾ ਜਾਂ ਸੁਨਣ ਸ਼ਕਤੀ ਕਮਜ਼ੋਰ ਪਾਈ ਜਾਂਦੀ ਹੈ ਉਹਨਾਂ ਦੀ ਨਿਗ੍ਹਾ/ਸੁਨਣ ਸ਼ਕਤੀ **'ਅਨੁਲੱਗ ੳ'** ਵਿੱਚ ਦੱਸੇ ਅਨੁਸਾਰ ਚੈੱਕ ਕੀਤੀ ਜਾ ਸਕਦੀ ਹੈ।

ii. ਮੋਟੇ ਤੌਰ ਤੇ ਜਿੱਥੇ ਇਹ ਪਾਇਆ ਜਾਂਦਾ ਹੈ ਕਿ ਬੱਚੇ ਦੀ ਦੂਰ ਦੀ ਨਿਗ੍ਹਾ ਕਮਜ਼ੋਰ ਹੈ ਅਤੇ ਬੱਚਾ ਬਲੈਕ ਬੋਰਡ ਨੂੰ ਚੰਗੀ ਤਰ੍ਹਾਂ ਨਹੀਂ ਵੇਖ ਸਕਦਾ, ਅਜਿਹੇ ਬੱਚਿਆਂ ਨੂੰ ਜਮਾਤ ਵਿੱਚ ਅਗਲੇ ਬੈਂਚਾਂ ਤੇ ਬਿਠਾਇਆ ਜਾਵੇ ਤਾਂ ਜੋ ਉਹ ਬਲੈਕ ਬੋਰਡ ਨੂੰ ਚੰਗੀ ਤਰ੍ਹਾਂ ਦੇਖ ਸਕਣ।

iii. ਇਸੇ ਤਰ੍ਹਾਂ ਹੀ ਜਿਹਨਾਂ ਬੱਚਿਆਂ ਦੀ ਸੁਨਣ ਦੀ ਸਮੱਸਿਆ ਹੈ ਉਹਨਾਂ ਬਾਰੇ ਰੋਲਕਾਲ ਲਗਾਏ ਜਾਣ ਸਮੇਂ ਨਾਮ ਬੁਲਾਏ ਜਾਣ ਤੇ ਜੇਕਰ ਕਿਸੇ ਬੱਚੇ ਦਾ ਜਵਾਬ ਨਹੀਂ ਆਉਂਦਾ ਤਾਂ ਅਜਿਹੇ ਬੱਚੇ ਦੀ ਸ਼ਨਾਖਤ ਹੋ ਸਕਦੀ ਹੈ। ਇਸ ਤੋਂ ਇਲਾਵਾ ਜਿਹੜਾ ਬੱਚਾ ਅਧਿਆਪਕ ਵੱਲੋਂ ਪੁੱਛੇ ਪ੍ਰਸ਼ਨਾਂ ਨੂੰ ਬਾਰ ਬਾਰ ਦੁਹਰਾਉਣ ਲਈ ਕਹਿੰਦਾ ਹੈ ਜਾਂ ਅਧਿਆਪਕ ਨੂੰ ਸੁਣਦੇ ਸਮੇਂ ਉਸ ਦੇ ਚਿਹਰੇ ਨੂੰ ਲੋੜ ਤੋਂ ਵੱਧ ਧਿਆਨ ਨਾਲ ਦੇਖਦਾ

ਪਰੋਤੇ ਜੀ...

ਹੈ ਜਾਂ ਜਿਸ ਬੱਚੇ ਦੇ ਕੰਨ ਵਗਦੇ ਰਹਿੰਦੇ ਹਨ, ਅਜਿਹੇ ਬੱਚੇ ਘੱਟ ਸੁਣਨ ਦੀ ਸਮੱਸਿਆ ਤੋਂ ਪੀੜਤ ਹੋ ਸਕਦੇ ਹਨ। ਅਜਿਹੇ ਬੱਚਿਆਂ ਨੂੰ ਵੀ ਤੁਰੰਤ ਕਲਾਸ ਵਿੱਚ ਸਭ ਤੋਂ ਅਗਲੇ ਬੈਂਚਾਂ ਤੇ ਬਿਠਾਇਆ ਜਾਵੇ।

iv. ਜਿੱਥੇ ਕਿਤੇ ਘੱਟ ਨਿਗ੍ਹਾ ਵਾਲੇ ਜਾਂ ਘੱਟ ਸੁਨਣ ਵਾਲੇ ਬੱਚਿਆਂ ਦਾ ਪਤਾ ਲਗਦਾ ਹੈ ਤਾਂ ਅਜਿਹੇ ਬੱਚਿਆਂ ਨੂੰ ਤੁਰੰਤ ਨੇੜੇ ਦੇ ਸਰਕਾਰੀ ਹਸਪਤਾਲ (Block PHC/CHC/Sub Division Hospital/ District Hospital) ਵਿਖੇ ਚੈੱਕ ਕਰਵਾਇਆ ਜਾਵੇ। ਜਿਹਨਾਂ ਬੱਚਿਆਂ ਦਾ ਟੈਸਟ ਉਪਰੰਤ ਘੱਟ ਨਿਗ੍ਹਾ ਜਾਂ ਘੱਟ ਸੁਨਣ ਦਾ ਪਤਾ ਲੱਗਦਾ ਹੈ, ਅਜਿਹੇ ਬੱਚਿਆਂ ਬਾਰੇ ਤੁਰੰਤ ਜ਼ਿਲ੍ਹੇ ਦੇ ਆਈ.ਈ.ਡੀ. ਅਧਿਕਾਰੀਆਂ ਦੇ ਨੋਟਿਸ ਵਿੱਚ ਲਿਆਂਦਾ ਜਾਵੇ। ਇਹਨਾਂ ਜ਼ਿਲ੍ਹਾਵਾਰ ਆਈ.ਈ.ਡੀ. ਅਧਿਕਾਰੀਆਂ ਦੇ ਨਾਮ ਅਤੇ ਫੋਨ ਨੰਬਰ **'ਅਨੁਲੱਗ ਅ'** ਵਜੋਂ ਨਾਲ ਨੱਥੀ ਹਨ। ਅਜਿਹੇ ਬੱਚਿਆਂ ਨੂੰ ਪੜ੍ਹਾਉਣ ਸਬੰਧੀ ਉਹਨਾਂ ਦੇ ਅਧਿਆਪਕਾਂ ਲਈ ਵਿਸ਼ੇਸ਼ ਤੌਰ ਤੇ ਟ੍ਰੇਨਿੰਗ ਮਾਡਿਊਲ ਤਿਆਰ ਕੀਤਾ ਗਿਆ ਹੈ, ਜੋ SSA ਦੀ website (www.ssapunjab.org/ssa) ਦੇ Download section ਵਿੱਚ ਉਪਲੱਬਧ ਹੈ। ਇਸ ਟ੍ਰੇਨਿੰਗ ਮਾਡਿਊਲ ਦੀ ਜਾਣਕਾਰੀ ਦੇ ਆਧਾਰ ਤੇ ਅਧਿਆਪਕ ਅਜਿਹੇ ਬੱਚਿਆਂ ਦੀ ਸਮੱਸਿਆ ਅਨੁਸਾਰ ਇਹਨਾਂ ਨੂੰ ਪੜ੍ਹਾਉਣ ਦੀ ਵਿਧੀ ਤਿਆਰ ਕਰ ਸਕਦੇ ਹਨ।

v. ਉਕਤ ਦੱਸੀਆਂ ਕੁਝ ਸੌਖੀਆਂ ਜਿਹੀਆਂ ਗੱਲਾਂ ਨਾਲ ਕੁਝ ਬੱਚਿਆਂ ਦੀ ਵੇਖਣ ਅਤੇ ਸੁਨਣ ਦੀ ਸਮੱਸਿਆ ਹੱਲ ਹੋ ਸਕਦੀ ਹੈ ਅਤੇ ਉਹਨਾਂ ਦੀ ਪੜ੍ਹਾਈ ਵਿੱਚ ਰੁਚੀ ਪੈਦਾ ਹੋ ਸਕਦੀ ਹੇ। ਅਜਿਹੇ ਬੱਚਿਆਂ ਦੀ ਸ਼ਨਾਖਤ ਕਰਕੇ ਉਹਨਾਂ ਦਾ ਇਲਾਜ ਕਰਵਾਇਆ ਜਾ ਸਕਦਾ ਹੈ ਜਾਂ ਐਨਕਾਂ/ਹੋਰ ਸਹਾਇਤਾ ਉਪਕਰਣ ਮੁਹੱਈਆ ਕਰਵਾਏ ਜਾ ਸਕਦੇ ਹਨ, ਜੋ ਕਿ ਸਰਵ ਸਿੱਖਿਆ ਅਭਿਆਨ ਵੱਲੋਂ ਮੁਫਤ ਦਿੱਤੇ ਜਾਂਦੇ ਹਨ। ਜਮਾਤ ਦੇ ਬੱਚਿਆਂ ਦਾ seating arrangement ਲੋੜ ਅਨੁਸਾਰ ਥੋੜ੍ਹਾ ਜਿਹਾ ਬਦਲਕੇ ਇਹਨਾਂ ਬੱਚਿਆਂ ਦੀ ਪੜ੍ਹਨ ਅਤੇ ਸੁਨਣ ਵਿੱਚ ਮਦਦ ਕੀਤੀ ਜਾ ਸਕਦੀ ਹੈ।

ਪੀ.ਕੇ. ਅਗਰਵਾਲ, ਆਈ.ਏ.ਐਸ.
ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ।

ਪਿੱਠ ਅੰਕਣ ਨੰ: ਆਈ.ਈ.ਡੀ./ਸਸਅ/2015/20155842-5863ਮਿਤੀ: 20/04/2015

ਉਤਾਰਾ ਸਮੂਹ ਜ਼ਿਲ੍ਹਾ ਪੱਧਰੀ ਆਈ.ਈ.ਡੀ. ਕੋਆਰਡੀਨੇਟਰ/ਬਲਾਕ ਪੱਧਰੀ ਆਈ.ਈ.ਆਰ.ਟੀ. ਨੂੰ ਇਸ ਹਦਾਇਤ ਨਾਲ ਭੇਜਿਆ ਜਾਂਦਾ ਹੈ ਕਿ ਜ਼ਿਲ੍ਹੇ ਦੇ ਸਕੂਲਾਂ ਵਿੱਚ ਪੜ੍ਹ ਰਹੇ ਸਮੂਹ ਘੱਟ ਨਿਗ੍ਹਾ ਵਾਲੇ ਅਤੇ ਘੱਟ ਸੁਨਣ ਵਾਲੇ ਬੱਚਿਆਂ ਦੀ ਸ਼ਨਾਖਤ ਕੀਤੀ ਜਾਵੇ ਅਤੇ ਫੇਰ ਉਹਨਾਂ ਦਾ ਨੇੜੇ ਦੇ ਸਰਕਾਰੀ ਹਸਪਤਾਲ ਤੋਂ ਚੈਕ-ਅੱਪ ਕਰਵਾ ਕੇ ਸਿਹਤ ਵਿਭਾਗ ਤੋਂ ਮੁਫਤ ਐਨਕਾਂ ਦਵਾਈਆਂ ਜਾਣ। ਮਹੀਨਾਵਾਰ ਪ੍ਰਗਤੀ ਰਿਪੋਰਟ ਮੁੱਖ ਦਫਤਰ ਨੂੰ ਹਰ ਮਹੀਨੇ ਦੀ 5 ਤਾਰੀਖ ਤੱਕ ਭੇਜਣੀ ਯਕੀਨੀ ਬਣਾਈ ਜਾਵੇ।

ਇਸ ਤੋਂ ਇਲਾਵਾ ਜਿਹਨਾਂ ਬੱਚਿਆਂ ਨੂੰ ਅੱਖਾਂ ਜਾਂ ਕੰਨਾਂ ਦੇ ਇਲਾਜ/ਹੋਰ ਸਹਾਇਤਾ ਦੀ ਲੋੜ ਹੈ ਉਹਨਾਂ ਸਬੰਧੀ ਸਕੂਲ ਵਾਈਜ਼ ਲਿਸਟ ਤਿਆਰ ਕਰਕੇ ਅਗਲੇਰੀ ਕਾਰਵਾਈ ਲਈ ਮੁੱਖ ਦਫਤਰ ਨੂੰ ਭੇਜੀ ਜਾਵੇ। ਉਕਤ ਹਦਾਇਤਾਂ ਜ਼ਿਲ੍ਹੇ ਦੇ ਸਮੂਹ ਸਕੂਲ ਮੁੱਖੀਆਂ/ਅਧਿਆਪਕਾਂ ਦੇ ਨੋਟਿਸ ਵਿੱਚ ਲਿਆ ਦਿੱਤੀਆਂ ਜਾਣ।

ਪੀ.ਕੇ. ਅਗਰਵਾਲ, ਆਈ.ਏ.ਐਸ.
ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ।

ਅਨੁਲੱਗ 'ੳ'

ਵਿਸ਼ੇਸ਼ ਵਿਦਿਅਕ ਲੋੜਾਂ ਵਾਲੇ ਬੱਚਿਆਂ ਦੀ ਪਹਿਚਾਣ ਲਈ ਪੜਤਾਲ ਸੂਚੀ

1. **ਘੱਟ ਨਜ਼ਰ ਲਈ :-**

- ਕੀ ਬੱਚਾ ਆਪਣੀਆਂ ਅੱਖਾਂ ਨੂੰ ਜ਼ੋਰ ਨਾਲ ਮਲਦਾ ਹੈ ਜਾਂ ਝਪਕਾਉਂਦਾ ਹੈ, ਵਿਸ਼ੇਸ਼ ਤੌਰ ਤੇ ਨੇੜੇ ਦੀਆਂ ਵਸਤੂਆਂ ਵੇਖਣ ਸਮੇਂ ?
- ਬੱਚੇ ਦੀਆਂ ਅੱਖਾਂ ਵਿੱਚ ਲਗਾਤਾਰ ਪਾਣੀ ਭਰਿਆ ਰਹਿੰਦਾ ਜਾਂ ਵੱਗਦਾ ਰਹਿੰਦਾ ਹੈ ਜਾਂ ਫਿਰ ਉਨ੍ਹਾਂ ਵਿੱਚ ਸੋਜ਼ਿਸ਼ ਰਹਿੰਦੀ ਹੈ ਅਤੇ ਉਨ੍ਹਾਂ ਦਾ ਰੰਗ ਲਾਲ ਹੈ ?
- ਵੇਖਣ ਸਮੇਂ ਆਪਣਾ ਸਿਰ ਅੱਗੇ ਨੂੰ ਮੋੜਦਾ ਜਾਂ ਝੁਕਾਉਂਦਾ ਹੈ ?
- ਪੜ੍ਹਨ ਸਮੇਂ ਪਾਠ ਸਮੱਗਰੀ ਨੂੰ ਆਪਣੀਆਂ ਅੱਖਾਂ ਦੇ ਬਹੁਤ ਨੇੜੇ ਰੱਖਦਾ ਹੈ ?
- ਕੀ ਉਹ ਟੀਰ ਮਾਰਦਾ ਹੈ ਜਾਂ ਪਲਕਾਂ ਹੇਠਾਂ ਸੁੱਟੀ ਰੱਖਦਾ ਹੈ ?
- ਉਸ ਨੂੰ ਅੱਖਾਂ ਅੱਗੇ ਧੁੰਦਲਾਪਨ, ਇਨ੍ਹਾਂ ਵਿੱਚ ਖਾਰਿਸ਼ ਜਾਂ ਅੱਖਾਂ ਦੁਆਲੇ ਝਰੀਟਾਂ ਪਈਆਂ ਰਹਿਣ ਦੀ ਸ਼ਿਕਾਇਤ ਰਹਿੰਦੀ ਹੈ ?

❖ **ਘੱਟ ਨਜ਼ਰ ਵਾਲੇ ਬੱਚਿਆਂ ਦੀ ਸ਼ਨਾਖਤ ਲਈ** :-

- ਇਸ ਪੱਤਰ ਦੇ ਨਾਲ ਨੱਥੀ ਚਾਰਟ ਦਾ A-4 ਸਾਈਜ਼ ਕਾਗਜ਼ ਤੇ ਪ੍ਰਿੰਟ ਕੱਢ ਕੇ ਕੰਧ ਤੇ ਟੰਗਿਆ ਜਾਵੇ ਜਿੱਥੇ ਪੂਰੀ ਰੋਸ਼ਨੀ ਹੋਵੇ ਅਤੇ ਚਾਰਟ ਬੱਚੇ ਦੀਆਂ ਅੱਖਾਂ ਦੇ ਲੈਵਲ ਤੇ ਹੋਵੇ।
- ਬੱਚੇ ਦੀ ਨਿਗ੍ਹਾ ਇੱਕ-ਇੱਕ ਅੱਖ ਨੂੰ ਢਕ ਕੇ ਚੈੱਕ ਕੀਤੀ ਜਾਵੇ।
- ਜੇ ਬੱਚਾ ਚਸ਼ਮਾ ਪਹਿਨਦਾ ਹੈ ਤਾਂ ਨਿਗ੍ਹਾ ਚਸ਼ਮੇ ਸਮੇਤ ਚੈੱਕ ਕੀਤੀ ਜਾਵੇ।

❖ **ਦੂਰ ਦੀ ਨਿਗ੍ਹਾ ਟੈਸਟ ਕਰਨ ਲਈ** :- ਬੱਚੇ ਨੂੰ 10 ਫੁੱਟ ਦੀ ਦੂਰੀ ਤੇ ਖੜ੍ਹਾ ਕਰਕੇ ਚਾਰਟ ਦੇ ਉਪੱਰਲੇ ਹਿੱਸੇ ਵਿੱਚ ਲਿਖੇ ਸ਼ਬਦਾਂ ਨੂੰ ਪੜ੍ਹਨ ਲਈ ਕਿਹਾ ਜਾਵੇ। ਜੇਕਰ ਬੱਚਾ ਸਹੀ ਨਹੀਂ ਪੜ੍ਹ ਸਕਦਾ ਤਾਂ ਉਸਦੀ ਦੂਰ ਦੀ ਨਿਗ੍ਹਾ ਕਮਜ਼ੋਰ ਹੋ ਸਕਦੀ ਹੈ।

❖ **ਨਜ਼ਦੀਕ ਦੀ ਨਿਗ੍ਹਾ ਟੈਸਟ ਕਰਨ ਲਈ** ਬੱਚੇ ਨੂੰ ਕੁਰਸੀ ਤੇ ਬਿਠਾ ਕੇ 16 ਇੰਚ (1¼ ਫੁਟ ਜਾਂ 40 cms) ਦੀ ਦੂਰੀ ਤੋਂ ਉਸੇ ਚਾਰਟ ਦੇ ਹੇਠਲੇ ਹਿੱਸੇ ਨੂੰ ਪੜ੍ਹਨ ਲਈ ਕਿਹਾ ਜਾਵੇ। ਜਿਹੜੇ ਬੱਚੇ ਸਹੀ ਜਵਾਬ ਨਹੀਂ ਦੇ ਸਕਦੇ ਜਾਂ ਰੁਕਾਵਟ ਨਾਲ ਜਵਾਬ ਦਿੰਦੇ ਹਨ, ਉਹਨਾਂ ਦੀ ਨਜ਼ਦੀਕ ਦੀ ਨਜ਼ਰ ਵਿੱਚ ਕਮੀ ਹੋ ਸਕਦੀ ਹੈ।

❖ ***ਨੋਟ:- ਚਾਰਟ ਪੜ੍ਹਣ ਸਮੇਂ ਕਮਰੇ ਵਿੱਚ ਜਮਾਤ ਦੇ ਹੋਰ ਬੱਚੇ ਨਾ ਹੋਣ ਤਾਂ ਜੋ ਨਿਗ੍ਹਾ ਟੈਸਟ ਕਰਨ ਸਮੇਂ ਕੋਈ ਵਿਘਨ ਨਾ ਪਵੇ।***

2. **ਘੱਟ ਸੁਣਨ ਲਈ :-**

- ਬੱਚੇ ਨੂੰ ਜੋ ਬੋਲਿਆ ਜਾ ਰਿਹਾ ਹੈ, ਸਮਝਣ ਵਿੱਚ ਮੁਸ਼ਕਿਲ ਮਹਿਸੂਸ ਹੁੰਦੀ ਹੈ।
- ਉਸ ਦੀ ਅਵਾਜ਼ ਹੈ ਹੀ ਨਹੀਂ ਜਾਂ ਫਿਰ ਸਪੱਸ਼ਟ ਨਹੀਂ ਜਾਂ ਅਸੁਭਾਵਿਕ ਹੈ।
- ਗੱਲ ਕਰਦੇ ਸਮੇਂ ਇਸ਼ਾਰਿਆਂ ਦੀ ਵੱਧ ਵਰਤੋਂ ਕਰਦਾ ਹੈ।
- ਉਹ ਪੁੱਛੇ ਪ੍ਰਸ਼ਨਾਂ ਜਾਂ ਗੱਲਾਂ ਨੂੰ ਦੁਹਰਾਉਣ ਲਈ ਕਹਿੰਦਾ ਹੈ।
- ਉਸਦੇ ਕੰਨ ਲਗਾਤਾਰ ਵਗਦੇ ਰਹਿੰਦੇ ਹਨ।
- ਉਹ ਸੁਣਦੇ ਸਮੇਂ ਬੁਲਾਰੇ ਦੇ ਹੋਂਠਾਂ ਅਤੇ ਚਿਹਰੇ ਵੱਲ ਜ਼ਰੂਰਤ ਤੋਂ ਵੱਧ ਧਿਆਨ ਦਿੰਦਾ ਹੈ।
- ਉਸਦੇ ਕੰਨਾਂ ਦੀ ਬਨਾਵਟ ਸੁਭਾਵਿਕ ਨਹੀਂ ਹੈ।

Vision Screener
(Distance)

E 6/60

E M W 3 E 6/12

Testing Distance 3 Meters

Vision Screener
(Near)

E M W 3 E 4.0M

E M W 3 E 1.0M